# Outside Media in Schools

## ਸਕੂਲਾਂ ਵਿੱਚ ਬਾਹਰਲਾ ਮੀਡੀਆ

ਮੀਡੀਆ (ਰੇਡੀਓ, ਟੈਲੀਵਿਜ਼ਨ, ਅਖਬਾਰਾਂ ਅਤੇ ਹੋਰ ਪਰਿੰਟ ਅਤੇ ਔਨਲਾਈਨ ਮੀਡੀਆ) ਨੂੰ ਕਈ ਵਾਰ ਸਕੂਲ ਜਾਂ ਸਕੂਲ ਦੀਆਂ ਸਰਗਰਮੀਆਂ ਸਮੇਂ ਹਾਜ਼ਰ ਹੋਣ ਦੀ ਆਗਿਆ ਜਾਂ ਸੱਦਾ ਦਿੱਤਾ ਜਾਂਦਾ ਹੈ। ਮੀਡੀਆ ਨੂੰ ਤਸਵੀਰਾਂ ਲੈਣ ਜਾਂ ਵਿਡੀਓ ਬਣਾਉਣ ਜਾਂ ਵਿਦਿਆਰਥੀਆਂ ਨੂੰ ਇੰਟਰਵਿਊ ਕਰਨ ਦੀ ਖੁੱਲ੍ਹ ਦਿੱਤੀ ਜਾਂਦੀ ਹੈ ਜਿਸਦਾ ਉਦੇਸ਼ ਸਕੂਲ ਦੇ ਪ੍ਰੋਗਰਾਮਾਂ ਬਾਰੇ ਲੋਕਾਂ ਨੂੰ ਜਾਣੂ ਕਰਾਉਣਾ, ਪਬਲਿਕ ਸਿਖਿਆ ਬਾਰੇ ਲੋਕਾਂ ਦੀ ਹਮਾਇਤ ਜੁਟਾਉਣੀ ਅਤੇ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ਨੂੰ ਹੱਲਾ ਸ਼ੇਰੀ ਦੇਣਾ ਹੁੰਦਾ ਹੈ।

ਜੇਕਰ ਤੁਸੀਂ ਆਪਣੇ ਬੱਚੇ ਨੂੰ ਅਜਿਹੀਆਂ ਗਤੀਵਿਧੀਆਂ ਵਿੱਚ ਸ਼ਾਮਲ ਨਹੀਂ ਕਰਨਾ ਚਾਹੁੰਦੇ ਤਾਂ ਤੁਹਾਨੂੰ ਹੇਠ ਲਿਖੀਆਂ ਗੱਲਾਂ ਕਰਨ ਦੀ ਲੋੜ ਹੈ:

- ਆਪਣੇ ਬੱਚੇ ਨੂੰ ਅਜਿਹੀਆਂ ਹਾਲਤਾਂ ਤੋਂ ਦੂਰ ਰਹਿਣ ਲਈ ਕਹੋ,
- ਆਪਣੇ ਬੱਚੇ ਦੇ ਅਧਿਆਪਕ (ਅਧਿਆਪਕਾਂ) ਨੂੰ ਆਪਣੀ ਇੱਛਾ ਤੋਂ ਜਾਣੂ ਕਰਾਓ
- ਬਾਹਰ ਰਹਿਣ ਦੀ ਆਗਿਆ (*Request for Exclusion)* ਵਾਲਾ ਫਾਰਮ ਪਰਿੰਟ ਕਰਕੇ ਭਰੋ ਅਤੇ ਵਾਪਸ ਭੇਜ ਕੇ ਸਕੂਲ ਅਤੇ ਸਕੂਲ ਡਿਸਟਰੀਕਟ ਨੂੰ ਢੁੱਕਵੇਂ ਕਦਮ ਚੁੱਕਣ ਲਈ ਕਹੋ ਤਾਂ ਜੋ ਬਾਹਰਲਾ ਮੀਡੀਆ ਤੁਹਾਡੇ ਬੱਚੇ ਦਾ ਨਾਂ, ਤਸਵੀਰ ਜਾਂ ਨਿੱਜੀ ਜਾਣਕਾਰੀ ਨਾ ਛਾਪੇ। ਇਹ ਫਾਰਮ ਲੈਣ ਲਈ ਇੱਥੇ (HERE)ਕਲਿੱਕ ਕਰੋ ਜਾਂ ਆਪਣੇ ਸਕੂਲ ਤੋਂ ਇਸਦੀ ਕਾਪੀ ਲਈ ਬੇਨਤੀ ਕਰੋ।

ਕ੍ਰਿਪਾ ਕਰਕੇ ਨੋਟ ਕਰੋ: ਸਕੂਲ ਅਤੇ ਡਿਸਟਰੀਕਟ ਦਾ ਸਟਾਫ, ਖਬਰਾਂ ਅਤੇ ਮੀਡੀਆ ਦੀ ਪਹੁੰਚ, ਜਨਤਕ ਥਾਵਾਂ ਤੇ (ਜਿਵੇਂ ਕਿ ਫੀਲਡ ਟਰਿੱਪ ਜਾਂ ਸਕੂਲ ਤੋਂ ਬਾਹਰਲੇ ਮੈਦਾਨ), ਜਾਂ ਸਕੂਲ ਦੇ ਪ੍ਰੋਗਰਾਮ ਜਿਹੜੇ ਲੋਕਾਂ ਲਈ ਖੁੱਲ੍ਹੇ ਹੋਣ ਜਿਵੇਂ ਕਿ ਖੇਡ ਟੂਰਨਾਮੈਂਟ, ਵਿਦਿਆਰਥੀਆਂ ਦੀਆਂ ਪੇਸ਼ਕਾਰੀਆਂ, ਸਕੂਲ ਬੋਰਡ ਦੀਆਂ ਮੀਟਿੰਗਾਂ ਆਦਿ ਸਮੇਂ ਮੀਡੀਆ ਜਾਂ ਹੋਰ ਵਿਅਕਤੀਆਂ ਵੱਲੋਂ ਲਈਆਂ ਤਸਵੀਰਾਂ/ਵੀਡੀਓ ਤੇ ਕਾਬੂ ਨਹੀਂ ਰੱਖ ਸਕਦੇ। ਇਹਨਾਂ ਨੂੰ ਜਨਤਕ ਪ੍ਰੋਗਰਾਮ ਸਮਝਿਆ ਜਾਂਦਾ ਹੈ।

ਜੇਕਰ ਤੁਹਾਡੇ ਕੋਈ ਸਵਾਲ ਹਨ ਤਾਂ ਕ੍ਰਿਪਾ ਕਰਕੇ ਹੇਠ ਲਿਖੇ ਪਤੇ ਤੇ ਸੰਪਰਕ ਕਰੋ:

ਸਕੂਲ ਡਿਸਟ੍ਰਿਕਟ ਮੈਨੇਜਰ ਆਫ ਕਮਿਊਨੀਕੇਸ਼ਨਜ਼

ਨਾਂ: ਡੈਨਕਾ ਮਿਛਾਉਡ

ਦਫਤਰ ਦਾ ਪਤਾ: 4585 ਹਾਰਵੈਸਟ ਡਰਾਈਵ, ਡੈਲਟਾ, ਬੀ ਸੀ, V4K 5B4

ਟੈਲਫੋਨ ਨੰਬਰ: 604-952-5397

School District Director of Communications
Business Address: 4585 Harvest Drive, Delta, BC, V4K 5B4
Telephone No.: 604-952-5397
Email: communications@deltaschools.ca